# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
# ਸਮੱਗਰਾ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਵਿੱਦਿਆ ਭਵਨ, ਈ ਬਲਾਕ, ਪੰਜਵੀ ਮੰਜ਼ਿਲ, ਫੇਜ਼-8, ਐਸ.ਏ.ਐਸ. ਨਗਰ, ਪੰਜਾਬ

ਵੱਲ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ./ਐ.ਸਿੱ.)
2. ਸਮੂਹ ਪ੍ਰਿੰਸੀਪਲ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ (ਨੋਟਿਸ ਬੋਰਡ ਰਾਹੀਂ
3. ਸਮੂਹ ਸਕੂਲ ਮੁੱਖੀ (ਵੈਬਸਾਇਟ ਰਾਹੀਂ)

**ਮੀਮੋ ਨੰ. ਸਮੱਗਰਾ/ਪਲਾਨ/2024/** 151738 **ਮਿਤੀ:** 27.06.2024

**ਵਿਸ਼ਾ:** **ਤੰਬਾਕੂ ਮੁਕਤ ਸਕੂਲਾਂ/ਸਿੱਖਿਆ ਸੰਸਥਾਵਾਂ ਬਣਾਉਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਦੱਸਿਆ ਜਾਂਦਾ ਹੈ ਕਿ ਭਾਰਤ ਸਰਕਾਰ ਵੱਲੋ ਸਕੂਲਾਂ/ਸਿੱਖਿਆ ਸੰਸਥਾਵਾਂ ਨੂੰ ਤੰਬਾਕੂ ਮੁਕਤ ਬਣਾਉਣ ਲਈ ਨਵੇ ਦਿਸ਼ਾ ਨਿਰਦੇਸ਼ ਪ੍ਰਾਪਤ ਹੋਏ ਹਨ ਜੋ ਕਿ ਹੇਠ ਲਿਖੇ ਅਨੁਸਾਰ ਹਨ। ਆਪ ਵੱਲੋ ਇਹਨਾ ਦਿਸ਼ਾ ਨਿਰਦੇਸ਼ ਦੀ ਪਾਲਣਾ ਸਕੂਲਾਂ ਵੱਲੋਂ ਕਰਵਾਉਣੀ ਯਕੀਨੀ ਬਣਾਈ ਜਾਵੇ:-

1) ਸਕੂਲਾਂ/ਸਿੱਖਿਆ ਸੰਸਥਾਵਾਂ ਦੀ ਇਮਾਰਤ ਦੇ ਅੰਦਰ ਤੰਬਾਕੂ ਮੁਕਤ ਖੇਤਰਾਂ ਦੇ ਬੋਰਡ ਸਕੂਲ ਮੁੱਖੀ ਦੇ ਨਾਂ ਦੀ ਜਾਣਕਾਰੀ ਸਮੇਤ ਲਗਾਏ ਜਾਣ।

2) ਸਕੂਲਾਂ/ਸਿੱਖਿਆ ਸੰਸਥਾਵਾਂ ਦੀ ਬਾਹਰੀ ਦੀਵਾਰੀ/ਚਾਰ ਦੀਵਾਰੀ ਉੱਤੇ ਤੰਬਾਕੂ ਮੁਕਤ ਸੰਸਥਾ ਦੇ ਬੋਰਡ ਸਕੂਲ ਮੁੱਖੀ ਦੇ ਨਾਂ ਦੀ ਜਾਣਕਾਰੀ ਸਮੇਤ ਲਗਾਏ ਜਾਣ।

3) ਸਕੂਲ ਦੇ ਇਮਾਰਤ ਦੇ ਅੰਦਰ ਤੰਬਾਕੂ ਦੀ ਵਰਤੋਂ ਦਾ ਕੋਈ ਵੀ ਸਬੂਤ ਨਹੀਂ ਹੋਣਾ ਚਾਹੀਦਾ ਜਿਵੇਂ ਕਿ ਸਿਗਰੇਟ ਬੀੜੀ ਦੇ ਅੰਸ਼/ਵਰਤੋ ਕੀਤਾ ਗੁੱਟਕਾ ਅਤੇ ਤੰਬਾਕੂ ਦੀ ਪੁੜੀ, ਥੁੱਕੇ ਹੋਏ ਤੰਬਾਕੂ ਦੇ ਨਿਸਾਨ।

4) ਸਕੂਲ/ਸਿੱਖਿਆ ਸੰਸਥਾਵਾਂ ਅੰਦਰ ਤੰਬਾਕੂ ਦੇ ਸਿਹਤ ਉੱਤੇ ਪੈਂਦੇ ਬੁਰੇ ਪ੍ਰਭਾਵਾਂ ਬਾਰੇ ਜਾਣਕਾਰੀ ਹਿੱਤ ਪੋਸਟਰ ਅਤੇ ਹੋਰ ਜਾਗਰੂਕਤਾ ਸਮੱਗਰੀ ਦੇ ਪੋਸਟਰ ਵੀ ਲਗਾਏ ਜਾਣ।

5) ਸਕੂਲ/ ਸਿੱਖਿਆ ਸੰਸਥਾਵਾਂ ਅੰਦਰ ਹਰ 6 ਮਹੀਨੇ ਵਿੱਚ ਇੱਕ ਵਾਰ ਤੰਬਾਕੂ ਕੰਟਰੋਲ ਦੀ ਗਤੀਵਿਧੀ ਕਰਵਾਈ ਜਾਵੇ।

6) ਸਕੂਲ ਮੁੱਖੀ ਵੱਲੋਂ ਆਪਣੇ ਸਕੂਲ ਦੇ ਕਿਸੇ ਇੱਕ ਜਾਂ ਦੋ ਅਧਿਆਪਕਾਂ ਨੂੰ ਤੰਬਾਕੂ ਕੰਟਰੋਲ ਐਕਟ ਦੀ ਹਦਾਇਤ ਦੀ ਪਾਲਣਾ ਅਤੇ ਮੋਨੀਟਰਿੰਗ ਦੀ ਜਿੰਮੇਵਾਰੀ ਦਿੱਤੀ ਜਾਵੇਗੀ ਅਤੇ ਉਹਨਾਂ ਦਾ ਨਾਂ, ਅਹੁਦਾ ਅਤੇ ਫੋਨ ਨੰਬਰ ਲਗਾਏ ਜਾਣ ਵਾਲੇ ਬੋਰਡਾਂ ਤੇ ਵੀ ਅੰਕਿਤ ਕੀਤਾ ਜਾਵੇਗਾ।

7) ਤੰਬਾਕੂ ਦੀ ਨਾ ਵਰਤੋਂ ਸਬੰਧੀ ਗਾਈਡਲਾਇਨਜ ਸਿੱਖਿਆ ਸੰਸਥਾਵਾਂ ਦੇ ਕੋਡ ਆਫ ਕੰਡਕਟ ਸਮੇਂ ਸਾਮਿਲ ਕੀਤੀ ਜਾਵੇ।

8) ਸਕੂਲ ਮੁੱਖੀ ਵੱਲੋ ਆਪਣੀ ਸਕੂਲ/ਸਿੱਖਿਆ ਸੰਸਥਾਵਾ ਦੀ ਬਾਹਰੀ ਦੀਵਾਰ ਤੋਂ 100 ਗਜ ਦੇ ਘੇਰੇ ਦੀ ਦੂਰੀ ਤੇ ਨਿਸ਼ਾਨ ਲਗਾਈਆਂ ਜਾਵੇ।

9) ਸਕੂਲ ਮੁੱਖੀ ਵੱਲੋ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਸਕੂਲ ਦੇ 100 ਗਜ ਦੇ ਘੇਰੇ ਦੇ ਅੰਦਰ ਕੋਈ ਵੀ ਦੁਕਾਨਦਾਰ ਤੰਬਾਕੂ ਉਤਪਾਦ ਨਾ ਵੇਚਦਾ ਹੋਵੇ।

10) Implementations Manual of ToFEI ਅਤੇ ਤੰਬਾਕੂ ਦੀ ਗਾਈਡਲਾਇਨਜ ਦੀ ਕਾਪੀ ਨੱਥੀ ਕਰਦੇ ਹੋਏ ਆਪ ਨੂੰ ਲਿਖਿਆ ਜਾਂਦਾ ਹੈ ਕਿ ਸਕੂਲਾਂ ਵਿੱਚ ਇਹਨਾਂ ਗਾਈਡਲਾਇਨਜ਼ ਅਤੇ ਮੈਨੂਅਲ ਵਿੱਚ ਅੰਕਿਤ ਗਤੀਵਿਧੀਆਂ ਅਤੇ ਅਨੁਲੱਗ ਅਨੁਸਾਰ ਕਾਰਵਾਈ ਕੀਤੀ ਜਾਵੇ।

11) ਤੰਬਾਕੂ ਦੀ ਨਾ ਵਰਤੋਂ ਸਬੰਧੀ ਨਾਲ ਨੱਥੀ Implementations Manual of ToFEI ਦੇ ਅਨੁਲੱਗ 3 ਅਨੁਸਾਰ ਸਪਥ ਲਈ ਜਾਵੇ ਅਤੇ ਅਨੁਲੱਗ 4 ਅਨੁਸਾਰ ਤੰਬਾਕੂ ਮੁਕਤ ਸਿੱਖਿਆ ਸੰਸਥਾਵਾਂ ਦਾ ਘੋਸ਼ਣਾ ਪੱਤਰ ਭਰ ਕੇ ਮੁੱਖ ਦਫਤਰ ਦੀ ਈ-ਮੇਲ ਆਈ.ਡੀ. rmsa.planning@punjabeducation.gov.in. ਤੇ ਮਿਤੀ 12.07.2024 ਤੱਕ ਭੇਜਣੀ ਯਕੀਨੀ ਬਣਾਈ ਜਾਵੇ।

12) ਆਪ ਵੱਲੋਂ ਆਪਣੇ ਜਿਲ੍ਹੇ ਅਧੀਨ ਤੰਬਾਕੂ ਦੀ ਗਾਈਰਡਲਾਈਨਜ ਦੀ ਪਾਲਣਾ ਅਤੇ ਮੋਨੀਟਰਿੰਗ ਲਈ ਨੋਡਲ ਅਫਸਰ ਵੀ ਲਗਾਇਆ ਜਾਵੇ ਅਤੇ ਲਗਾਏ ਗਏ ਨੋਡਲ ਅਫਸਰ ਦੀ ਜਾਣਕਾਰੀ ਉਕਤ ਮੁੱਖ ਦਫਤਰ ਦੀ ਈ-ਮੇਲ ਤੇ ਮਿਤੀ 12.07.2024 ਤੱਕ ਭੇਜੀ ਜਾਵੇ।

| ਜਿਲ੍ਹਾ | ਨੋਡਲ ਅਫਸਰ ਦਾ ਨਾਂ | ਅਹੁਦਾ | ਫੋਨ ਨੰਬਰ | Whatsapp No. |
|---|---|---|---|---|
| | | | | |

14) ਉਕਤ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ
ਸਮੱਗਰਾ ਸਿੱਖਿਆ ਅਭਿਆਨ, ਪੰਜਾਬ।